ਐਕਸਪੋਯਰ ਕੰਟਰੋਲ ਪਲੈਨ
Exposure Control Plan

ਖੁੰਬਾਂ ਦੀ ਕੰਪੋਸਟ ਤਿਆਰ ਕਰਨ ਅਤੇ ਰੱਖ ਰਖਾ ਵੇਲੇ ਹਾਈਡਰੋਜਨ ਸਲਫ਼ਾਈਡ, ਅਮੋਨੀਆ ਅਤੇ ਬਾਇਓਐਰੋਸੋਲਜ਼ ਦੇ ਦੁਸ਼ਪ੍ਰਭਾਵ
Exposure to Hydrogen Sulfide, Ammonia, and Bioaerosols during the Production and Handling of Mushroom Compost

---

ਮਾਲਕ ਕੰਪਨੀ ਦੀ ਜਾਣਕਾਰੀ (Employer company information)
- ਨਾਮ
- ਪਤਾ
- ਸੰਪਰਕ ਜਾਣਕਾਰੀ (ਨਾਮ ਅਤੇ ਫ਼ੋਨ ਨੰਬਰ)

ਉਦੇਸ਼ (Purpose)
- ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੇ ਕਾਮਿਆਂ ਦਾ ਖੁੰਬਾਂ ਦੀ ਕੰਪੋਸਟ ਬਣਾਉਣ ਸਮੇਂ ਹਵਾ ਵਿਚ ਉੱਡਦੇ ਦੂਸ਼ਿਤ ਪਦਾਰਥਾਂ ਤੋਂ ਬਚਾਓ ਕਰੀਏ। ਖੋਜ ਤੋਂ ਇਹ ਪਤਾ ਲੱਗਾ ਹੈ ਕਿ ਖੁੰਬਾਂ ਦੀ ਕੰਪੋਸਟ ਬਣਾਉਣ ਸਮੇਂ ਹਾਈਡਰੋਜਨ ਸਲਫ਼ਾਈਡ (H_2S), ਅਮੋਨੀਆ (NH_3) ਅਤੇ ਬਾਇਓਐਰੋਸੋਲਜ਼ (bioaerosols) ਸਮੇਤ ਕਈ ਦੂਸ਼ਿਤ ਪਦਾਰਥ ਜਿਵੇਂ ਕਿ ਖੁੰਬਾਂ ਦੇ ਬੀਜ (fungal spores) ਅਤੇ ਬੈਕਟੀਰੀਆ (ਕਿਟਾਣੂਜਾਂ) ਨਿਕਲ ਕੇ ਹਵਾ ਵਿਚ ਮਿਲ ਸਕਦੇ ਹਨ। ਕਾਮਿਆਂ ਨੂੰ ਇਨ੍ਹਾਂ ਦੂਸ਼ਿਤ ਪਦਾਰਥਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਅਸਰਦਾਰ ਕੰਟਰੋਲ ਉਪਲਬਧ ਹਨ।

- ਸਾਨੂੰ ਇਹ ਪਤਾ ਹੈ ਕਿ ਇਹ ਨਿਸ਼ਾਨਾ ਪ੍ਰਾਪਤ ਕਰਨ ਲਈ ਕੰਟਰੋਲ ਕਰਨ ਦੇ ਕਈ ਉਪਾਵਾਂ ਨੂੰ ਮਿਲਾਉਣ ਦੀ ਲੋੜ ਹੋਵੇਗੀ। ਕੰਟਰੋਲ ਦੀ ਜ਼ਿਆਦਾ ਅਸਰਦਾਰ ਉਪਲਬਧ ਟੈਕਨਾਲੋਜੀ ਦੀ ਚੋਣ ਕਰਨ ਲਈ ਅਸੀਂ ਸਿਰ ਤੋੜ ਮਿਹਨਤ ਕਰਨ ਲਈ ਵਚਨਬੱਧ ਹਾਂ ਅਤੇ ਸੁਨਿਸ਼ਚਿਤ ਕਰਦੇ ਹਾਂ ਕਿ ਇਸ ਕੰਟਰੋਲ ਪਲੈਨ (ECP) ਵਿਚ ਦੱਸੇ ਗਏ ਵਧੀਆ ਕੰਮ ਕਰਨ ਦੇ ਤਰੀਕੇ ਸਾਡੀ ਕੰਮ ਵਾਲੀ ਜਗ੍ਹਾ ਤੇ ਅਪਣਾਏ ਜਾਣ।

- ਸੁਰੱਖਿਆ ਦੇ ਮਾਪਦੰਡ ਅਤੇ ਕੰਮ ਕਰਨ ਦੇ ਤਰੀਕੇ ਜੋ ਅਸੀਂ ਨਿਰਧਾਰਿਤ ਕਰਦੇ ਹਾਂ ਉਹ ਸਿਰਫ਼ ਸਾਡੇ ਕਾਮਿਆਂ ਨੂੰ ਹੀ ਨਹੀਂ ਬਚਾਉਂਦੇ ਬਲਕਿ ਸਾਡੀ ਜਗ੍ਹਾ ਵਿਚ ਕੰਮ ਕਰਦੇ ਹੋਰ ਸਾਰੇ ਕਾਮਿਆਂ ਨੂੰ ਵੀ ਬਚਾਉਂਦੇ ਹਨ।

ਜ਼ਿੰਮੇਵਾਰੀਆਂ (Responsibilities)

ਮਾਲਕ ਦੀਆਂ ਹੇਠ ਲਿਖੀਆਂ ਜ਼ਿੰਮੇਵਾਰੀਆਂ ਹਨ:
- ਕੰਮ ਦੇ ਉਨ੍ਹਾਂ ਤਰੀਕਿਆਂ ਦੀ ਪਹਿਚਾਣ ਕਰਨਾ ਅਤੇ ਅਨੁਮਾਨ ਲਗਾਉਣਾ ਜਿਨ੍ਹਾਂ ਕਾਰਨ ਕਾਮੇ ਖੁੰਬਾਂ ਦੀ ਕੰਪੋਸਟ ਬਣਾਉਣ ਸਮੇਂ ਹਵਾ ਵਿਚ ਉੱਡਦੇ ਦੂਸ਼ਿਤ ਪਦਾਰਥਾਂ ਨਾਲ ਪ੍ਰਭਾਵਿਤ ਹੋ ਸਕਦੇ ਹਨ।
- ਇਸ ਕੰਟਰੋਲ ਪਲੈਨ (ECP) ਨੂੰ ਪੂਰੀ ਤਰ੍ਹਾਂ ਲਾਗੂ ਕਰਨ ਅਤੇ ਕਾਇਮ ਰੱਖਣ ਲਈ ਇਹ ਸੁਨਿਸ਼ਚਿਤ ਕਰਨਾ ਕਿ ਸਾਮਾਨ (ਮਿਸਾਲ ਲਈ ਔਜ਼ਾਰ, ਸਾਮਾਨ, ਵਿਅਕਤੀਗਤ ਸੁਰੱਖਿਆ ਦਾ ਸਾਮਾਨ [PPE]) ਅਤੇ ਹੋਰ ਵਸੀਲੇ (ਮਿਸਾਲ ਲਈ ਕਾਮਿਆਂ ਦੀ ਟਰੇਨਿੰਗ) ਜਿੱਥੇ ਅਤੇ ਜਦੋਂ ਚਾਹੀਦੇ ਹੋਣ ਉਹ ਉਪਲਬਧ ਹੋਣ।
- ਇਸ ਕੰਟਰੋਲ ਪਲੈਨ ਦੇ ਅਸਰ ਦੀ ਸਮੇਂ ਸਮੇਂ ਤੇ ਸਮੀਖਿਆ ਕਰਨੀ (ਘੱਟੋ ਘੱਟ ਸਾਲਾਨਾ)। ਉਪਲਬਧ ਕੰਟਰੋਲ ਟੈਕਨਾਲੋਜੀ ਦੀ ਸਮੀਖਿਆ ਕਰਨੀ ਅਤੇ ਸੁਨਿਸ਼ਚਿਤ ਕਰਨਾ ਕਿ ਲੋੜ ਸਮੇਂ ਇਸ ਦੀ ਵਰਤੋਂ ਕੀਤੀ ਗਈ ਹੈ ਇਸ ਵਿਚ ਸ਼ਾਮਲ ਹੈ।
- ਇਹ ਸੁਨਿਸ਼ਚਿਤ ਕਰਨਾ ਕਿ ਸਾਰੇ ਔਜ਼ਾਰ, ਸਾਮਾਨ ਅਤੇ ਨਿੱਜੀ ਸੁਰੱਖਿਆ ਦਾ ਸਾਮਾਨ ਇਸ ਕੰਟਰੋਲ ਪਲੈਨ (ECP) ਮੁਤਾਬਿਕ ਵਰਤੇ ਜਾਂਦੇ ਹਨ।
- ਇਹ ਸੁਨਿਸ਼ਚਿਤ ਕਰਨਾ ਕਿ ਸੁਪਰਵਾਈਜ਼ਰਾਂ ਅਤੇ ਕਾਮਿਆਂ ਨੂੰ ਪ੍ਰਵਾਨਿਤ ਲੈਵਲ ਤੱਕ ਸਿੱਖਿਆ ਅਤੇ ਸਿਖਲਾਈ ਪ੍ਰਾਪਤ ਹੈ।
- ਸਿਖਲਾਈ, ਫ਼ਿਟ-ਟੈੱਸਟ ਦੇ ਨਤੀਜੇ, ਅਮਲੇ ਨਾਲ ਗਲ ਬਾਤ ਅਤੇ ਇੰਸਪੈਕਸ਼ਨਾਂ (ਜਿਵੇਂ ਕਿ ਸਾਮਾਨ, ਨਿੱਜੀ ਸੁਰੱਖਿਆ ਦਾ ਸਾਮਾਨ ਅਤੇ ਕੰਮ ਕਰਨ ਦੇ ਤਰੀਕੇ ਜਾਂ ਦਸਤੂਰ) ਦਾ ਰਿਕਾਰਡ ਰੱਖਣਾ।
- ਪ੍ਰਦੂਸ਼ਣ ਦੇ ਪ੍ਰਭਾਵਾਂ ਦੀਆਂ ਸਾਰੀਆਂ ਛੋਟੀਆਂ ਮੋਟੀਆਂ ਘਟਨਾਵਾਂ ਦੀ ਜਾਂਚ ਕਰਨਾ।

- ਹੇਠ ਲਿਖਿਆਂ ਸਮੇਤ ਕੰਮ ਦੇ ਸੁਰੱਖਿਅਤ ਵਾਤਾਵਰਨ ਲਈ ਹੋਰ ਮਾਲਕਾਂ ਨਾਲ ਮਿਲਾਪ ਕਰਨਾ:
  - ਕੰਮ ਕਰਨ ਵਾਲੀਆਂ ਜਗ੍ਹਾ ਤੇ ਖ਼ਾਸ ਖ਼ਤਰਿਆਂ ਬਾਰੇ ਸਾਰੇ ਠੇਕੇਦਾਰਾਂ ਨੂੰ ਸੂਚਿਤ ਕਰਨਾ।
  - ਠੇਕੇਦਾਰ ਦੇ ਕੰਟਰੋਲ ਪਲੈਨ (ECPs) ਦੀ ਸਮੀਖਿਆ ਕਰਨਾ।
  - ਠੇਕੇਦਾਰ ਦੇ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਦੀ ਸਮੀਖਿਆ ਕਰਨਾ।
  - ਇਹ ਸੁਨਿਸ਼ਚਿਤ ਕਰਨਾ ਕਿ ਸਾਰੇ ਠੇਕੇਦਾਰਾਂ ਕੋਲ ਨਿੱਜੀ ਗੈਸ ਮੋਨੀਟਰ (ਗੈਸ ਚੈਕ ਕਰਨ ਦੇ ਉਪਕਰਣ) ਅਤੇ ਹੋਰ ਯੋਗ ਸਾਮਾਨ ਹੈ।

ਸੁਪਰਵਾਈਜ਼ਰਾਂ ਦੀਆਂ ਹੇਠ ਲਿਖੀਆਂ ਜ਼ਿੰਮੇਵਾਰੀਆਂ ਹਨ:

- ਇਹ ਸੁਨਿਸ਼ਚਿਤ ਕਰਨਾ ਕਿ ਕਾਮਿਆਂ ਨੂੰ ਖੁੰਬਾਂ ਦੀ ਕੰਪੋਸਟ ਨਾਲ ਸਬੰਧਿਤ ਖ਼ਤਰਿਆਂ ਬਾਰੇ ਯੋਗ ਨਿਰਦੇਸ਼ ਮਿਲੇ ਹਨ।
- ਕੰਟਰੋਲ ਕਰਨ ਦੇ ਯੋਗ ਤਰੀਕੇ ਚੁਣਨਾ ਅਤੇ ਅਮਲ ਵਿਚ ਲਿਆਉਣਾ।
- ਇਹ ਸੁਨਿਸ਼ਚਿਤ ਕਰਨਾ ਕਿ ਜਿਹੜੇ ਕਾਮੇ ਰੈਸਪੀਰੇਟਰ (ਸਾਹ ਲੈਣ ਵਾਲਾ ਯੰਤਰ) ਵਰਤ ਰਹੇ ਹਨ ਉਨ੍ਹਾਂ ਨੂੰ ਫ਼ਿਟ-ਟੈੱਸਟ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਨਤੀਜੇ ਰਿਕਾਰਡ ਕੀਤੇ ਗਏ ਹਨ।
- ਕੰਮ ਨੂੰ ਐਸੇ ਤਰੀਕੇ ਨਾਲ ਚਲਾਉਣਾ ਕਿ ਕਾਮਿਆਂ ਨੂੰ ਖ਼ਤਰਾ ਘੱਟ ਤੋਂ ਘੱਟ ਅਤੇ ਕਾਬੂ ਵਿਚ ਹੋਵੇ।
- ਕੰਮ ਕਰਨ ਦਾ ਸੁਰੱਖਿਅਤ ਵਾਤਾਵਰਨ ਸੁਨਿਸ਼ਚਿਤ ਕਰਨ ਲਈ ਹੋਰ ਮਾਲਕਾਂ ਨਾਲ ਮੇਲ ਮਿਲਾਪ ਕਰਨਾ।
- ਇਹ ਸੁਨਿਸ਼ਚਿਤ ਕਰਨਾ ਕਿ ਠੇਕੇਦਾਰ ਕੰਮ ਕਰਨ ਦੇ ਸੁਰੱਖਿਅਤ ਤਰੀਕੇ ਵਰਤ ਰਹੇ ਹਨ।

ਕਾਮਿਆਂ ਦੀਆਂ ਹੇਠ ਲਿਖੀਆਂ ਜ਼ਿੰਮੇਵਾਰੀਆਂ ਹਨ:

- ਮਾਲਕ ਵੱਲੋਂ ਆਯੋਜਿਤ ਕੀਤੇ ਸਿਖਲਾਈ ਸੈਸ਼ਨਾਂ ਵਿਚ ਹਾਜ਼ਰ ਹੋਣਾ।
- ਸੁਰੱਖਿਆ ਦੇ ਸਾਮਾਨ ਨੂੰ ਸਹੀ ਅਤੇ ਸੁਰੱਖਿਅਤ ਤਰੀਕੇ ਨਾਲ ਵਰਤਣਾ।
- ਸੁਪਰਵਾਈਜ਼ਰ ਵੱਲੋਂ ਦੱਸੇ ਗਏ ਪ੍ਰਮਾਣਿਤ ਤਰੀਕੇ ਅਨੁਸਾਰ ਕੰਮ ਕਰਨਾ।
- ਹਰ ਇੱਕ ਖ਼ਤਰੇ ਵਾਲੀ ਸਥਿਤੀ ਜਾਂ ਕਾਰਵਾਈ ਦੀ ਰਿਪੋਰਟ ਸੁਪਰਵਾਈਜ਼ਰ ਨੂੰ ਕਰਨਾ।
- ਇਹ ਜਾਣਨਾ ਕਿ ਐਕਸਪੋਜ਼ਰ ਵਾਲੀ ਘਟਨਾ ਦੀ ਰਿਪੋਰਟ ਕਿਵੇਂ ਕਰਨੀ ਹੈ।

ਖ਼ਤਰੇ ਦੀ ਪਹਿਚਾਣ ਅਤੇ ਅਨੁਮਾਨ (Risk identification and assessment)

- ਜਦੋਂ ਆਰਗੈਨਿਕ ਪਦਾਰਥ ਜਿਵੇਂ ਕਿ ਖ਼ਾਦ ਜਾਂ ਸਬਜ਼ੀਆਂ ਵਗ਼ੈਰਾ ਆਕਸੀਜਨ ਤੋਂ ਬਿਨਾਂ ਗਲਦੀਆਂ ਸੜਦੀਆਂ ਹਨ ਤਾਂ ਹਾਈਡਰੋਜਨ ਸਲਫ਼ਾਈਡ (H_2S) ਗੈਸ ਪੈਦਾ ਹੋ ਸਕਦੀ ਹੈ। ਇਹ ਖ਼ਾਦ ਦੇ ਟੈਂਕ, ਗੁਡੀ ਜਾਂ ਬਰਾਊਨ ਵਾਟਰ (ਖ਼ਾਦ ਨਾਲ ਸੰਪਲਿਆ ਪਾਣੀ) ਟੈਂਕ ਜਾਂ ਕੰਪੋਸਟ ਬਣਾਉਣ ਵਾਲੀ ਜਗ੍ਹਾ ਜਿੱਥੇ ਆਕਸੀਜਨ ਘੱਟ ਹੁੰਦੀ ਹੈ (ਜਿਵੇਂ ਕਿ ਪਰਾਲੀ ਵਗ਼ੈਰਾ ਦੀਆਂ ਪੰਡਾਂ ਜਾਂ ਪਰਾਲੀ ਵਗ਼ੈਰਾ ਦੀਆਂ ਗੰਢਾਂ)। ਕਾਮਿਆਂ ਤੇ H_2S ਦਾ ਅਸਰ ਹੋ ਸਕਦਾ ਹੈ ਜਦੋਂ ਉਹ:
  - ਗੰਢਾ ਨੂੰ ਹਿਲਾਉਂਦੇ ਅਤੇ ਇੰਸਪੈਕਟ ਕਰਦੇ ਹਨ
  - ਨਾਲੀਆਂ, ਟੋਇਆਂ, ਸੰਪ (Sump) ਜਾਂ ਤਲਾਵਾਂ ਦੀ ਜਾਂਚ ਜਾਂ ਸਫ਼ਾਈ ਕਰਦੇ ਹਨ
  - ਗੁਡੀ (goody) ਜਾਂ ਭੂਰੇ ਪਾਣੀ (brown water) ਜਾਂ ਖਾਦ ਲੈ ਜਾਣ ਵਾਲੀਆਂ ਪਾਈਪਾਂ ਦੀ ਮੁਰੰਮਤ ਕਰਦੇ ਹਨ
  - ਕੰਪੋਸਟ ਨਾਲ ਤਰਲ ਖਾਦ ਨੂੰ ਮਿਲਾਉਂਦੇ ਹਨ
  - ਖੁੰਬਾਂ ਪੈਦਾ ਕਰਨ ਦੀ ਕਾਰਵਾਈ ਤੋਂ ਪਹਿਲਾਂ ਕੰਪੋਸਟ ਨੂੰ ਜਰਮ ਰਹਿਤ (ਸਟਰਲਾਈਜ਼) ਕਰਦੇ ਅਤੇ ਸੰਭਾਲਦੇ ਹਨ

  ਜੇ ਗੁਡੀ ਜਾਂ ਬਰਾਊਨ ਵਾਟਰ (ਖ਼ਾਦ ਨਾਲ ਸੰਪਲਿਆ ਪਾਣੀ) ਨੂੰ ਚੰਗੀ ਤਰ੍ਹਾਂ ਹਵਾ ਨਾ ਲਵਾਈ ਜਾਏ ਜਾਂ ਹਿਲਾਇਆ ਨਾ ਜਾਏ ਤਾਂ ਉਸ ਵਿਚ ਕਾਫ਼ੀ ਘੁਲਨਸ਼ੀਲ H_2S ਗੈਸ ਜਮਾਂ ਹੋ ਸਕਦੀ ਹੈ।

- ਜਦੋਂ ਜ਼ਿਆਦਾ ਨਾਈਟ੍ਰੇਟ ਵਾਲੇ ਔਰਗੈਨਿਕ ਪਦਾਰਥ (ਜਿਵੇਂ ਕਿ ਖੁੰਬਾਂ ਦੀ ਕੰਪੋਸਟ) ਮਾਈਕ੍ਰੋ-ਔਰਗੇਨਿਜ਼ਮ ਦੇ ਕਾਰਨ ਗਲਦੇ ਸੜਦੇ ਹਨ ਤਾਂ ਅਮੋਨੀਆ ਗੈਸ ਪੈਦਾ ਹੁੰਦੀ ਹੈ। ਕਾਮਿਆਂ ਤੇ ਅਮੋਨੀਆ ਗੈਸ ਦਾ ਅਸਰ ਹੋ ਸਕਦਾ ਹੈ ਜਦੋਂ ਉਹ:
  - ਕਮਪੋਸਟ ਵਾਲੇ ਪਦਾਰਥਾਂ ਨੂੰ ਹਿਲਾਉਂਦੇ ਹਨ
  - ਨਾਲੀਆਂ, ਟੋਇਆਂ ਜਾਂ ਤਲਾਵਾਂ ਦੀ ਜਾਂਚ ਜਾਂ ਸਫ਼ਾਈ ਕਰਦੇ ਹਨ
  - ਗੁਡੀ ਜਾਂ ਭੂਰਾ ਪਾਣੀ ਜਾਂ ਖ਼ਾਦ ਲੈ ਜਾਣ ਵਾਲੀਆਂ ਪਾਈਪਾਂ ਦੀ ਮੁਰੰਮਤ ਕਰਦੇ ਹਨ
  - ਕੰਪੋਸਟ ਨਾਲ ਤਰਲ ਖ਼ਾਦ ਨੂੰ ਮਿਲਾਉਂਦੇ ਹਨ
  - ਖੁੰਬਾਂ ਪੈਦਾ ਕਰਨ ਦੀ ਕਾਰਵਾਈ ਤੋਂ ਪਹਿਲਾਂ ਕੰਪੋਸਟ ਨੂੰ ਜਰਮ ਰਹਿਤ (ਸਟਰਲਾਈਜ਼) ਕਰਦੇ ਅਤੇ ਸੰਭਾਲਦੇ ਹਨ

- ਬਾਇਓਐਰੋਸੋਲਜ਼ (bioaerosols) ਦਾ ਮਤਲਬ ਹੈ ਸੂਖ਼ਸ਼ਮ (ਕਟਾਣੂਆਂ) ਦੁਆਰਾ ਪੈਦਾ ਕੀਤੇ ਗਏ ਕਈ ਕਿਸਮ ਦੇ ਪਦਾਰਥ, ਜਿਨ੍ਹਾਂ ਵਿਚ ਬੈਕਟੀਰੀਅਲ ਸੈਲ (bacterial cells), ਐਂਡੋਟਾਕਸਿਨਜ਼ (endotoxins), ਬੈਕਟੀਰੀਅਲ ਐਲਰਜਨਜ਼ (bacterial allergens), ਫ਼ੰਗਲ ਸਪੋਰਜ਼ (fungal spores), ਹਾਈਫ਼ੀ (hyphae) ਅਤੇ ਫ਼ੰਗਲ ਐਲਰਜਨਜ਼ (fungal allergens) ਸ਼ਾਮਲ ਹਨ। ਖੁੰਬਾਂ ਦੀ ਕੰਪੋਸਟ ਬਣਾਉਣ ਵਕਤ ਬਾਇਓਐਰੋਸੋਲਜ਼ ਹਮੇਸ਼ਾ ਨਿਕਲ ਕੇ ਹਵਾ ਵਿਚ ਮਿਲਦੇ ਹਨ।

ਸਿਹਤ ਲਈ ਖ਼ਤਰੇ (Health hazards)

ਹਾਈਡਰੋਜਨ ਸਲਫ਼ਾਈਡ (H_2S) ਦਾ ਪ੍ਰਭਾਵ

- H_2S ਇੱਕ ਜ਼ਹਿਰੀਲੀ ਗੈਸ ਹੈ, ਇਹ ਰੰਗ ਰਹਿਤ ਹੈ, ਇਸ ਦੀ ਗੰਧ ਗੰਦੇ ਅੰਡੇ ਵਰਗੀ ਹੁੰਦੀ ਹੈ। ਜ਼ਿਆਦਾ ਮਾਤਰਾ ਵਿਚ ਇਹ ਸੁੰਘਣ ਸ਼ਕਤੀ ਨੂੰ ਬੰਦ ਕਰ ਦਿੰਦੀ ਹੈ - ਇਸ ਲਈ H_2S ਦਾ ਲੈਵਲ ਨਾਪਣ ਲਈ ਗੰਧ ਕੋਈ ਪੈਮਾਨਾ ਨਹੀਂ ਹੈ।
- ਇਸ ਗੈਸ ਨਾਲ ਅੱਖਾਂ, ਨੱਕ, ਗਲ਼ੇ ਅਤੇ ਫੇਫੜਿਆਂ ਵਿਚ ਜਲਨ ਜਿਹੀ ਪੈਦਾ ਹੋ ਸਕਦੀ ਹੈ। ਬਹੁਤ ਜ਼ਿਆਦਾ H_2S ਗੈਸ ਦਿਮਾਗ਼ ਵਿਚਲੇ ਸਾਹ ਲੈਣ ਵਾਲੇ ਕੇਂਦਰ ਨੂੰ ਬੰਦ ਕਰ ਸਕਦੀ ਹੈ, ਜਿਸ ਕਾਰਨ ਮੌਤ ਹੋ ਸਕਦੀ ਹੈ। ਜੇ ਕਰ ਮੁੱਢਲੀ ਡਾਕਟਰੀ ਸਹਾਇਤਾ ਜਲਦੀ ਮਿਲ ਜਾਏ ਤਾਂ ਵਿਅਕਤੀ ਨੂੰ ਦੁਬਾਰਾ ਹੋਸ਼ ਵਿਚ ਲਿਆਇਆ ਜਾ ਸਕਦਾ ਹੈ।
- ਕਿਉਂ ਕਿ H_2S ਗੈਸ ਹਵਾ ਨਾਲੋਂ ਭਾਰੀ ਹੁੰਦੀ ਹੈ ਇਸ ਲਈ ਇਹ ਨੀਵੀਂ ਜਗ੍ਹਾ ਤੇ ਠਹਿਰ ਸਕਦੀ ਹੈ। ਇਸ ਲਈ ਜਿਨ੍ਹਾਂ ਜਗ੍ਹਾ ਵਿਚ ਗੈਸ ਹੋ ਸਕਦੀ ਹੈ ਉੱਥੇ ਜਾਣਾ ਖ਼ਤਰਨਾਕ ਹੋ ਸਕਦਾ ਹੈ।

ਅਮੋਨੀਆ ਦਾ ਪ੍ਰਭਾਵ

- ਅਮੋਨੀਆ ਗੈਸ ਰੰਗ ਰਹਿਤ ਹੈ ਅਤੇ ਇਸ ਦੀ ਗੰਧ ਸਾਹ ਘੁੱਟਣ ਵਾਲੀ, ਤਿੱਖੀ ਅਤੇ ਚੁੱਭਵੀਂ ਹੁੰਦੀ ਹੈ। ਇਹ ਹਵਾ ਨਾਲੋਂ ਬਹੁਤ ਹਲਕੀ ਹੁੰਦੀ ਹੈ ਇਸ ਲਈ ਇਹ ਉੱਚੀਆਂ ਜਗ੍ਹਾਂ ਜਾਂ ਛੱਤ ਕੋਲ ਇਕੱਠੀ ਹੋ ਜਾਏਗੀ।
- ਇਹ ਗੈਸ ਅੱਖਾਂ, ਨੱਕ, ਸਾਹ ਪ੍ਰਣਾਲੀ ਵਿਚ ਬੜੀ ਖ਼ਾਰਸ਼ ਜਿਹੀ ਪੈਦਾ ਕਰਦੀ ਹੈ ਜਿਸ ਕਾਰਨ ਹਵਾ ਵਿਚ ਇਸ ਦੀ ਥੋੜ੍ਹੀ ਜਿਹੀ ਮਾਤਰਾ ਵੀ ਜਲਦੀ ਪਹਿਚਾਣੀ ਜਾਂਦੀ ਹੈ। ਪਰ ਜੇ ਕਰ ਕਾਮਾ ਬਾਰ ਬਾਰ ਇਸ ਗੈਸ ਨਾਲ ਪ੍ਰਭਾਵਤ ਹੋਵੇ ਤਾਂ ਉਸ ਦੀ ਸੁੰਘਣ ਸ਼ਕਤੀ ਬਹੁਤ ਘੱਟ ਸਕਦੀ ਹੈ।
- ਅਮੋਨੀਆ ਕਾਰਨ ਖਾਂਸੀ, ਛਾਤੀ ਵਿਚ ਦਰਦ ਅਤੇ ਸਾਹ ਲੈਣ ਵਿਚ ਤਕਲੀਫ਼ ਹੋ ਸਕਦੀ ਹੈ। ਜੇ ਗੈਸ ਦੀ ਮਾਤਰਾ ਜ਼ਿਆਦਾ ਹੋਵੇ ਤਾਂ ਇਸ ਗੈਸ ਕਾਰਨ ਨਿਮੋਨੀਆਂ, ਫੇਫੜਿਆਂ ਵਿਚ ਪਾਣੀ ਭਰ ਸਕਦਾ ਹੈ ਅਤੇ ਮੌਤ ਹੋ ਸਕਦੀ ਹੈ।

ਬਾਇਓਐਰੋਸੋਲਜ਼ (bioaerosols) ਦਾ ਪ੍ਰਭਾਵ

- ਕਾਮੇ ਤੇ ਬਾਇਓਐਰੋਸੋਲਜ਼ (bioaerosols) ਦਾ ਪ੍ਰਭਾਵ ਸਪੋਰ (spores) ਅਤੇ ਐਲਰਜਨਜ਼ (allergens) ਵਾਲੀ ਹਵਾ ਵਿਚ ਸਾਹ ਲੈਣ ਨਾਲ ਆਮ ਤੌਰ ਤੇ ਪੈਂਦਾ ਹੈ।
- ਹਵਾ ਵਿਚ ਬਾਇਓਐਰੋਸੋਲਜ਼ (bioaerosols) ਦੇ ਘੱਟ ਲੈਵਲ ਤੇ ਜ਼ਿਆਦਾਤਰ ਲੋਕਾਂ ਦੀ ਸਿਹਤ ਤੇ ਕੋਈ ਖ਼ਾਸ ਅਸਰ ਨਹੀਂ ਪੈਂਦਾ। ਸਿਹਤ ਦੀਆਂ ਜ਼ਿਆਦਾ ਸ਼ਿਕਾਇਤਾਂ ਉੱਪਰਲੀ ਸਾਹ ਪ੍ਰਣਾਲੀ ਨਾਲ ਸਬੰਧਿਤ ਜਿਵੇਂ ਕਿ ਖਾਂਸੀ, ਅੱਖਾਂ ਵਿਚ ਖ਼ਾਰਸ਼, ਨੱਕ ਬੰਦ ਹੋਣਾ, ਨਿੱਛਾਂ ਮਾਰਨੀਆਂ ਅਤੇ ਗਲ਼ਾ ਦਰਦ ਹਨ। ਪਰ ਦਮੇ ਵਾਲੇ ਜਾਂ ਜਿਨ੍ਹਾਂ ਦੀ ਇਮਿਊਨ ਪ੍ਰਣਾਲੀ ਬੜੀ ਸੰਵੇਦਨਸ਼ੀਲ ਹੈ ਉਨ੍ਹਾਂ ਤੇ ਗੰਭੀਰ ਅਸਰ ਹੋ ਸਕਦੇ ਹਨ।
- ਬਾਇਓਐਰੋਸੋਲਜ਼ (bioaerosols) ਦੀ ਜ਼ਿਆਦਾ ਮਾਤਰਾ ਕਾਰਨ ਇਸ ਦਾ ਅਸਰ ਤਕਰੀਬਨ ਸਾਰੇ ਕਾਮਿਆਂ ਤੇ ਪੈਂਦਾ ਹੈ।
- ਕੁੱਝ ਬੈਕਟੀਰੀਆ ਅਤੇ ਉੱਲੀਆਂ ਫੇਫੜਿਆਂ ਜਾਂ ਖੁੱਲ੍ਹੇ ਜ਼ਖ਼ਮਾਂ ਵਿਚ ਵੀ ਇਨਫ਼ੈਕਸ਼ਨ ਕਰ ਸਕਦੀਆਂ ਹਨ।

ਪ੍ਰਭਾਵ ਦੀ ਸੀਮਾ (Exposure limits)

- *ਅਮੋਨੀਆ* — ਪੇਸ਼ੇਵਰਾਂ ਲਈ ਪ੍ਰਭਾਵ ਸੀਮਾ (OELs) 8 ਘੰਟਿਆਂ ਤੇ ਆਧਾਰਤ ਔਸਤਨ 25 ppm ਹੈ ਅਤੇ ਥੋੜ੍ਹੇ ਸਮੇਂ (15 ਮਿੰਟ ਤੋਂ ਜ਼ਿਆਦਾ ਨਹੀਂ) ਲਈ 35 ppm ਹੈ। ਇੱਕ ਦਮ ਜਾਨ ਦੇ ਖ਼ਤਰੇ ਵਾਲੀ ਅਮੋਨੀਆ ਦੀ (IDLH) ਸੀਮਾ 300 ppm ਹੈ।
- *ਹਾਈਡਰੋਜਨ ਸਲਫ਼ਾਈਡ* — ਪੇਸ਼ੇਵਰਾਂ ਲਈ ਪ੍ਰਭਾਵ ਸੀਮਾ (OELs) 10 ppm ਤੋਂ ਵੱਧ ਨਹੀਂ ਹੋਣੀ ਚਾਹੀਦੀ। ਇੱਕ ਦਮ ਜਾਨ ਦੇ ਖ਼ਤਰੇ ਵਾਲੀ ਹਾਈਡਰੋਜਨ ਸਲਫ਼ਾਈਡ ਦੀ (IDLH) ਸੀਮਾ 100 ppm ਹੈ।
- *ਬਾਇਓਐਰੋਸੋਲਜ਼ (Bioaerosols)* — ਬ੍ਰਿਟਿਸ਼ ਕੋਲੰਬੀਆ ਵਿਚ ਬਾਇਓਐਰੋਸੋਲਜ਼ (Bioaerosols) ਦੇ ਪ੍ਰਭਾਵ ਲਈ ਕੋਈ ਸੀਮਾ ਹਾਲੀ ਨਿਸ਼ਚਿਤ ਨਹੀਂ ਕੀਤੀ ਗਈ।

ਪ੍ਰਭਾਵ ਨੂੰ ਕਾਬੂ ਹੇਠ ਕਰਨਾ (Exposure control)

- ਆਕੂਪੇਸ਼ਨਲ ਹੈੱਲਥ ਅਤੇ ਸੇਫ਼ਟੀ ਰੈਗੂਲੇਸ਼ਨਜ਼ (The Occupational Health and Safety Regulation) ਮਾਲਕਾਂ ਤੋਂ ਇਹ ਮੰਗ ਕਰਦਾ ਹੈ ਕਿ ਹੇਠ ਲਿਖੇ ਅਨੁਸਾਰ ਕੰਟਰੋਲ ਦੀ ਚੋਣ ਕਰੇ:
  1. ਐਂਜੀਨੀਅਰਿੰਗ ਕੰਟਰੋਲ (ਜਿਵੇਂ ਕਿ ਮਸ਼ੀਨੀ ਯੰਤਰਾਂ ਨਾਲ ਜਗ੍ਹਾ ਹਵਾਦਾਰ ਕਰਨੀ)
  2. ਪ੍ਰਬੰਧਕੀ ਕੰਟਰੋਲ (ਜਿਵੇਂ ਕਿ ਸੰਭਾਵੀ ਖ਼ਤਰਨਾਕ ਜਗ੍ਹਾ ਤੋਂ ਕਾਮਿਆਂ ਨੂੰ ਦੂਰ ਰੱਖਣ ਲਈ ਸੰਕੇਤ ਲਗਾਉਣੇ ਜਾਂ ਰੁਕਾਵਟਾਂ ਖੜੀਆਂ ਕਰਨੀਆਂ)
  3. ਨਿੱਜੀ ਸੁਰੱਖਿਆ ਦਾ ਸਾਮਾਨ (ਜਿਵੇਂ ਕਿ ਸਾਹ ਲੈਣ ਵਾਲਾ ਯੰਤਰ (ਰੈਸਪੀਰੇਟਰ), ਦਸਤਾਨੇ, ਐਨਕਾਂ ਅਤੇ ਡਾਂਗਰੀ)

- ਕਾਮਿਆਂ ਵਿਚ ਹਾਈਡਰੋਜਨ ਸਲਫ਼ਾਈਡ, ਅਮੋਨੀਆ ਅਤੇ ਬਾਇਓਐਰੋਸੋਲਜ਼ (Bioaerosols) ਦੇ ਪ੍ਰਭਾਵ ਨੂੰ ਘੱਟ ਕਰਨ ਲਈ ਕਮਰੇ ਨੂੰ ਹਵਾਦਾਰ ਕਰਨ ਦੇ ਹੋਰ ਸਾਧਨਾਂ ਦੇ ਨਾਲ ਰੈਸਪੀਰੇਟਰ ਵੀ ਵਰਤੇ ਜਾਣਗੇ।

ਖੁੰਬਾਂ ਦੀ ਕੰਪੋਸਟ ਤਿਆਰ ਕਰਨ ਦੌਰਾਨ ਹਾਈਡਰੋਜਨ ਸਲਫ਼ਾਈਡ, ਅਮੋਨੀਆ ਅਤੇ ਬਾਇਓਐਰੋਸੋਲਜ਼ (Bioaerosols) ਦੇ ਪ੍ਰਭਾਵਾਂ ਨੂੰ ਕੰਟਰੋਲ ਕਰਨ ਦੇ ਪ੍ਰਵਾਨਿਤ ਤਰੀਕੇ

- ਹੇਠਾਂ ਦਿੱਤੇ ਚਾਰਟ ਵਿਚ ਦੱਸੇ ਤਰੀਕੇ ਪ੍ਰਵਾਨਿਤ ਹਨ ਜੇ ਕਰ ਰੈਸਪੀਰੇਟਰ ਦੀ ਚੋਣ ਅਤੇ ਹੋਰ ਕੰਟਰੋਲ ਵਰਤੇ ਜਾਣ।
- ਕਾਮਿਆਂ ਨੂੰ ਹਾਈਡਰੋਜਨ ਸਲਫ਼ਾਈਡ, ਅਮੋਨੀਆ ਅਤੇ ਬਾਇਓਐਰੋਸੋਲਜ਼ ਦੇ ਪ੍ਰਭਾਵ ਦੇ ਖ਼ਤਰੇ ਨੂੰ ਖ਼ਤਮ ਜਾਂ ਘੱਟ ਕਰਨ ਲਈ ਕੰਟਰੋਲ ਦੇ ਵਿਕਲਪ ਵੀ ਵਰਤੇ ਜਾਣ।

ਕੰਟਰੋਲ ਦੇ ਪ੍ਰਵਾਨਿਤ ਤਰੀਕੇ

ਕੰਮ ਕਾਜ (work Activity)	**ਕੰਟਰੋਲ (Controls)**	**ਨਿੱਜੀ ਸੁਰੱਖਿਆ ਦਾ ਸਾਮਾਨ (Personal protective equipment)**	**ਟਿੱਪਣੀਆਂ (Comments)**
ਪਰਾਲੀ ਵਗ਼ੈਰਾ ਦੀਆਂ ਪੰਡਾਂ ਨੂੰ ਪਹਿਲਾਂ ਗੁਡੀ ਵਾਟਰ ਜਾਂ ਬਚੇ ਖੁਚੇ ਪਾਣੀ (ਭੂਰੇ ਜਿਹੇ ਰੰਗ ਦਾ) ਨਾਲ ਗਿੱਲਾ ਕਰਨਾ	• ਜੇ ਕੰਮ ਬੰਦ ਜਗ੍ਹਾ ਹੈ (ਜਿਵੇਂ ਕਿ ਕਮਰਾ ਜਾਂ ਢਾਰਾ) ਤਾਂ ਉਸ ਜਗ੍ਹਾ ਨੂੰ ਹਵਾਦਾਰ ਰੱਖਣ ਲਈ ਮਸ਼ੀਨੀ ਯੰਤਰ ਵਰਤੋ ਅਤੇ ਦੂਸ਼ਿਤ ਹਵਾ ਬਾਇਓ ਫ਼ਿਲਟਰ ਰਾਹੀਂ ਬਾਹਰ ਕੱਢੋ (ਇੱਥੇ ਮਸ਼ੀਨੀ ਯੰਤਰ ਦਾ ਵੇਰਵਾ ਦਿਓ)। • ਕੂੱਪਾਂ ਦੇ ਫ਼ਰਸ਼ ਲਈ ਹਵਾਦਾਰ ਸਿਸਟਮ (ਇੱਥੇ ਸਿਸਟਮ ਦਾ ਵੇਰਵਾ ਦਿਓ) • ਜ਼ਿਆਦਾ ਪਾਣੀ ਨਾ ਦਿਓ– ਜ਼ਿਆਦਾ ਪਾਣੀ ਨਾਲ ਆਕਸੀਜਨ ਦੀ ਕਮੀ (anaerobic conditions) ਅਤੇ H_2S ਗੈਸ ਪੈਦਾ ਹੋ ਸਕਦੀ ਹੈ। ਪੰਡਾਂ ਨੂੰ ਦੂਰੋਂ ਹੀ ਗਿੱਲਾ ਕਰੋ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਜਾਂ ਗੱਡੀ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਜਾਂ ਗੱਡੀ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਤਲਾਵਾਂ/ਟੈਂਕਾਂ ਜਾਂ ਸਿਾਈਲੋਜ਼ ਤੋਂ ਗੁਡੀ ਵਾਟਰ ਜਾਂ ਭੂਰੇ ਜਿਹੇ ਪਾਣੀ ਨਾਲ ਗਿੱਲੀਆਂ ਪੰਡਾਂ ਨੂੰ ਲੋਡ ਜਾਂ ਅਨ-ਲੋਡ ਕਰਨਾ	• ਤਲਾਅ ਵਿਚ ਹਵਾਦਾਰੀ ਲਈ ਮਸ਼ੀਨੀ ਸਿਸਟਮ (ਇੱਥੇ ਸਿਸਟਮ ਦਾ ਵੇਰਵਾ ਸ਼ਾਮਲ ਕਰੋ)। • ਜੇ ਹਵਾਦਾਰੀ ਲਈ ਕੁਦਰਤੀ ਉਪਾਓ ਹੀ ਵਰਤੇ ਜਾਂਦੇ ਹਨ ਤਾਂ ਇਸ ਤਰ੍ਹਾਂ ਹਵਾ ਸਾਫ਼ ਹੋਣ ਦੀ ਸਪੀਡ ਅਤੇ ਉਸ ਜਗ੍ਹਾ ਜਾਣ ਤੋਂ ਪਹਿਲਾਂ ਦਾ ਨਿਸ਼ਚਿਤ ਸਮਾਂ ਪਤਾ ਹੋਣਾ ਚਾਹੀਦਾ ਹੈ। (ਹਵਾਦਾਰੀ ਨੂੰ ਕਿੰਨਾ ਸਮਾਂ ਲੱਗਦਾ ਹੈ ਇੱਥੇ ਦੱਸੋ)। • ਪਰਾਲੀ ਵਗ਼ੈਰਾ ਨੂੰ ਢੋਣ ਲਈ ਵਰਤੀ ਮਸ਼ੀਨਰੀ ਉੱਤੇ ਬੰਦ ਕੈਬ। ਖਿੜਕੀਆਂ ਬੰਦ ਹੋਣੀਆਂ ਚਾਹੀਦੀਆਂ ਹਨ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਜਾਂ ਗੱਡੀ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਜਾਂ ਗੱਡੀ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਪਰਾਲੀ ਵਗ਼ੈਰਾ ਦੀਆਂ ਪੰਡਾਂ ਵਿਚ ਕੁਕੜੀਆਂ ਦੀ ਖ਼ਾਦ ਅਤੇ	• ਜੇ ਕੰਮ ਬੰਦ ਜਗ੍ਹਾ ਹੈ (ਜਿਵੇਂ ਕਿ ਕਮਰਾ ਜਾਂ ਢਾਰਾ) ਤਾਂ ਉਸ ਜਗ੍ਹਾ ਨੂੰ ਹਵਾਦਾਰ ਰੱਖਣ ਲਈ ਮਸ਼ੀਨੀ ਯੰਤਰ ਵਰਤੋ ਅਤੇ ਦੂਸ਼ਿਤ ਹਵਾ ਬਾਇਓ	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ।

ਜਿਪਸਮ ਰਲਾਉਣਾ	ਫ਼ਿਲਟਰ ਰਾਹੀਂ ਬਾਹਰ ਕੱਢੋ (ਇੱਥੇ ਮਸ਼ੀਨੀ ਯੰਤਰ ਦਾ ਵੇਰਵਾ ਦਿਓ)। • ਕੁੱਪਾਂ ਦੇ ਫ਼ਰਸ਼ ਲਈ ਹਵਾਦਾਰ ਸਿਸਟਮ (ਇੱਥੇ ਸਿਸਟਮ ਦਾ ਵੇਰਵਾ ਦਿਓ) • ਚੰਗੀ ਤਰ੍ਹਾਂ ਮਿਲਾਓ— ਕੁਕੜੀਆਂ ਦੀ ਖ਼ਾਦ ਅਤੇ ਜਿਪਸਮ ਦੇ ਢੇਲੇ ਨਾ ਬਣਨ ਦਿਓ ਇਸ ਨਾਲ ਆਕਸੀਜਨ ਦੀ ਕਮੀ ਹੋ ਸਕਦੀ ਹੈ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਆਟੋਕਲੇਵ ਦੀ ਕਾਰਵਾਈ (Autoclave operations) (ਪਰਾਲੀ ਵਗ਼ੈਰਾ ਨੂੰ ਜਰਮ ਰਹਿਤ ਕਰਨ ਲਈ ਵੱਢੇ ਟੈਂਕ ਵਰਤੇ ਜਾਂਦੇ ਹਨ): • ਪੰਡਾਂ ਨੂੰ ਲੋਡ ਅਤੇ ਅਨ-ਲੋਡ ਕਰਨਾ • ਨਾਲੀਆਂ ਨੂੰ ਸਾਫ਼ ਕਰਨਾ ਜਾਂ ਬੰਦ ਕਰਨਾ	• ਤਲਾਅ ਵਿਚ ਹਵਾਦਾਰੀ ਲਈ ਮਸ਼ੀਨੀ ਸਿਸਟਮ (ਇੱਥੇ ਸਿਸਟਮ ਦਾ ਵੇਰਵਾ ਸ਼ਾਮਲ ਕਰੋ)। • ਜੇ ਹਵਾਦਾਰੀ ਲਈ ਕੁਦਰਤੀ ਉਪਾਓ ਹੀ ਵਰਤੇ ਜਾਂਦੇ ਹਨ ਤਾਂ ਇਸ ਤਰ੍ਹਾਂ ਹਵਾ ਸਾਫ਼ ਹੋਣ ਦੀ ਸਪੀਡ ਅਤੇ ਉਸ ਜਗ੍ਹਾ ਜਾਣ ਤੋਂ ਪਹਿਲਾਂ ਦਾ ਨਿਸ਼ਚਿਤ ਸਮਾਂ ਪਤਾ ਹੋਣਾ ਚਾਹੀਦਾ ਹੈ। (ਹਵਾਦਾਰੀ ਨੂੰ ਕਿੰਨਾ ਸਮਾਂ ਲੱਗਦਾ ਹੈ ਇੱਥੇ ਦੱਸੋ)। • ਪਰਾਲੀ ਵਗ਼ੈਰਾ ਨੂੰ ਢੋਣ ਲਈ ਵਰਤੀ ਮਸ਼ੀਨਰੀ ਉੱਤੇ ਬੰਦ ਕੈਬ। ਖਿੜਕੀਆਂ ਬੰਦ ਹੋਣੀਆਂ ਚਾਹੀਦੀਆਂ ਹਨ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਜਾਂ ਗੱਡੀ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਜਾਂ ਗੱਡੀ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਕੁੱਪ ਜਾਂ ਵੱਢੇ ਢੇਰ ਬਣਾਉਣੇ	• ਜੇ ਕੰਮ ਬੰਦ ਜਗ੍ਹਾ ਹੈ (ਜਿਵੇਂ ਕਿ ਕਮਰਾ ਜਾਂ ਢਾਰਾ) ਤਾਂ ਉਸ ਜਗ੍ਹਾ ਨੂੰ ਹਵਾਦਾਰ ਰੱਖਣ ਲਈ ਮਸ਼ੀਨੀ ਯੰਤਰ ਵਰਤੋ ਅਤੇ ਦੂਸ਼ਿਤ ਹਵਾ ਬਾਇਓ ਫ਼ਿਲਟਰ ਰਾਹੀਂ ਬਾਹਰ ਕੱਢੋ (ਇੱਥੇ ਮਸ਼ੀਨੀ ਯੰਤਰ ਦਾ ਵੇਰਵਾ ਦਿਓ)। • ਪੰਡਾਂ ਦੇ ਫ਼ਰਸ਼ ਲਈ ਹਵਾਦਾਰ ਸਿਸਟਮ (ਇੱਥੇ ਸਿਸਟਮ ਦਾ ਵੇਰਵਾ ਦਿਓ) • ਕੁੱਪ ਨੂੰ ਹਿਲਾਉਣ ਲਈ ਵਰਤੀ ਮਸ਼ੀਨਰੀ ਉੱਤੇ ਬੰਦ ਕੈਬ। ਖਿੜਕੀਆਂ ਬੰਦ ਹੋਣੀਆਂ ਚਾਹੀਦੀਆਂ ਹਨ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਜਾਂ ਗੱਡੀ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਜਾਂ ਗੱਡੀ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।

ਕੁੱਪਾਂ ਨੂੰ ਹਿਲਾਉਣਾ/ਉਲਟਾਉਣਾ	• ਜੇ ਕੰਮ ਬੰਦ ਜਗ੍ਹਾ ਹੈ (ਜਿਵੇਂ ਕਿ ਕਮਰਾ ਜਾਂ ਢਾਰਾ) ਤਾਂ ਉਸ ਜਗ੍ਹਾ ਨੂੰ ਹਵਾਦਾਰ ਰੱਖਣ ਲਈ ਮਸ਼ੀਨੀ ਯੰਤਰ ਵਰਤੋ ਅਤੇ ਦੂਸ਼ਿਤ ਹਵਾ ਬਾਇਓ ਫ਼ਿਲਟਰ ਰਾਹੀਂ ਬਾਹਰ ਕੱਢੋ (ਇੱਥੇ ਮਸ਼ੀਨੀ ਯੰਤਰ ਦਾ ਵੇਰਵਾ ਦਿਓ)। • ਕੁੱਪਾਂ ਦੇ ਫ਼ਰਸ਼ ਲਈ ਹਵਾਦਾਰ ਸਿਸਟਮ (ਇੱਥੇ ਸਿਸਟਮ ਦਾ ਵੇਰਵਾ ਦਿਓ) • ਕੁੱਪਾਂ ਨੂੰ ਹਿਲਾਉਣ ਲਈ ਵਰਤੀ ਮਸ਼ੀਨਰੀ ਉੱਤੇ ਬੰਦ ਕੈਬ। ਖਿੜਕੀਆਂ ਬੰਦ ਹੋਣੀਆਂ ਚਾਹੀਦੀਆਂ ਹਨ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਜਾਂ ਗੱਡੀ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਜਾਂ ਗੱਡੀ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਕੁੱਪਾਂ ਦੀ ਇੰਸਪੈਕਸ਼ਨ (ਜਿਵੇਂ ਕਿ ਤਾਪਮਾਨ ਵਿਚ ਤਬਦੀਲੀ ਦਾ ਪਤਾ ਕਰਨਾ)	• ਜੇ ਕੰਮ ਬੰਦ ਜਗ੍ਹਾ ਹੈ (ਜਿਵੇਂ ਕਿ ਕਮਰਾ ਜਾਂ ਢਾਰਾ) ਤਾਂ ਉਸ ਜਗ੍ਹਾ ਨੂੰ ਹਵਾਦਾਰ ਰੱਖਣ ਲਈ ਮਸ਼ੀਨੀ ਯੰਤਰ ਵਰਤੋ ਅਤੇ ਦੂਸ਼ਿਤ ਹਵਾ ਬਾਇਓ-ਫ਼ਿਲਟਰ ਰਾਹੀਂ ਬਾਹਰ ਕੱਢੋ (ਇੱਥੇ ਮਸ਼ੀਨੀ ਯੰਤਰ ਦਾ ਵੇਰਵਾ ਦਿਓ)। • ਕੁੱਪਾਂ ਦੇ ਫ਼ਰਸ਼ ਲਈ ਹਵਾਦਾਰ ਸਿਸਟਮ (ਇੱਥੇ ਸਿਸਟਮ ਦਾ ਵੇਰਵਾ ਦਿਓ) • ਸਾਈਨ ਬੋਰਡ।	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਬਾਇਓ-ਫ਼ਿਲਟਰ ਜਾਂ ਫ਼ਿਲਟਰਾਂ ਦੇ ਨਿਕਾਸ ਦੀ ਇੰਸਪੈਕਸ਼ਨ ਕਰਨੀ	• ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ}	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਪੁਰਾਣੇ ਬਚੇ ਹੋਏ ਪਾਣੀ (ਗੁਡੀ ਵਾਟਰ) ਜਾਂ ਭੁਰੇ ਪਾਣੀ ਦੇ	• ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ

ਤਲਾਅ ਦੇ ਨੇੜੇ ਦੀਆਂ ਨਾਲੀਆਂ ਜਾਂ ਮੈਨਹੋਲ ਵਿਚ ਹਾਈਡਰੋਜਨ ਸਲਫ਼ਾਈਡ ਦੀ ਮਾਤਰਾ ਲਈ ਹਵਾ ਦੀ ਜਾਂਚ ਕਰਨੀ		P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ}	25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਗੁਡੀ ਜਾਂ ਭੂਰੇ ਪਾਣੀ (ਬਰਾਊਨ ਵਾਟਰ) ਲਈ ਪੰਪ ਘਰ ਵਿਚ ਜਾਣਾ	• ਸਾਈਨ ਬੋਰਡ।	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ}	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ। • ਜੇ ਇਹ ਜਗ੍ਹਾ ਬੰਦ ਹੈ ਤਾਂ ਬੰਦ ਜਗ੍ਹਾ ਵਾਲੇ ਪ੍ਰੋਗਰਾਮ ਅਨੁਸਾਰ ਚੱਲੋ ।
ਦੁਬਾਰਾ ਵਰਤੇ ਜਾਣ ਵਾਲੇ ਗੁਡੀ ਵਾਟਰ ਜਾਂ ਭੂਰੇ ਪਾਣੀ ਦੀਆਂ ਪਾਈਪਾਂ ਦੀ ਮੁਰੰਮਤ	• ਜੇ ਪਾਈਪਾਂ ਬੰਦ ਜਗ੍ਹਾ ਹਨ ਤਾਂ ਹਵਾਦਾਰ ਕਰਨ ਦਾ ਮਸ਼ੀਨੀ ਪ੍ਰਬੰਧ (ਇੱਥੇ ਪੱਖੇ ਅਤੇ ਡਕਟਿੰਗ ਦਾ ਵਿਵਰਨ ਦਿਓ)। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ}	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ। • ਜੇ ਪਾਈਪਾਂ ਬੰਦ ਜਗ੍ਹਾ ਹਨ ਤਾਂ ਬੰਦ ਜਗ੍ਹਾ ਵਾਲੇ ਪ੍ਰੋਗਰਾਮ ਅਨੁਸਾਰ ਚੱਲੋ।
ਗੁਡੀ ਵਾਟਰ ਜਾਂ ਭੂਰੇ ਪਾਣੀ ਦੇ ਟੈਂਕ ਜਾਂ ਖੱਡੇ ਵਿਚ ਜਾਣਾ ਜਦੋਂ	• ਹਵਾਦਾਰੀ ਲਈ ਮਸ਼ੀਨੀ ਸਿਸਟਮ (ਇੱਥੇ ਪੱਖੇ ਅਤੇ ਪਾਈਪਾਂ (Ducts) ਦਾ ਵਿਵਰਨ	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ

ਟੈਂਕ ਜਾਂ ਖੱਡਾ ਖਾਲੀ ਨਹੀਂ (ਤਰਲ ਜਾਂ ਗਾਰਾ/ਚਿੱਕੜ ਵਗ਼ੈਰਾ ਵਿਚ ਹੈ)	ਦਿਓ)। • ਅੰਦਰ ਜਾਣ ਤੋਂ ਪਹਿਲਾਂ ਪਾਣੀ ਨੂੰ ਚੰਗੀ ਤਰ੍ਹਾਂ ਹਿਲਾਓ ਤਾਂ ਕਿ ਉਸ ਵਿਚ ਰੁਕੀਆਂ ਗੈਸਾਂ ਨਿਕਲ ਜਾਣ (ਇੱਥੇ ਪੰਪ ਦਾ ਵਿਵਰਨ ਦਿਓ)। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ}	25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ। • ਜੇ ਇਹ ਬੰਦ ਜਗ੍ਹਾ ਹਨ ਤਾਂ ਬੰਦ ਜਗ੍ਹਾ ਵਾਲੇ ਪ੍ਰੋਗਰਾਮ ਅਨੁਸਾਰ ਚੱਲੋ।
ਪਰਾਲੀ ਵਗ਼ੈਰਾ ਵਿਚੋਂ ਨਿਕਲ ਕੇ ਆ ਰਹੇ ਪਾਣੀ ਵਾਲੀ ਜਗ੍ਹਾ ਵਿਚ ਜਾਣਾ (ਜਿੱਥੇ ਤਰਲ ਜਾਂ ਗਾਰਾ/ਚਿੱਕੜ ਵਗ਼ੈਰਾ ਵੀ ਹੈ)	• ਅੰਦਰ ਜਾਣ ਤੋਂ ਪਹਿਲਾਂ ਪਾਣੀ ਨੂੰ ਚੰਗੀ ਤਰ੍ਹਾਂ ਹਿਲਾਓ ਤਾਂ ਕਿ ਉਸ ਵਿਚ ਰੁਕੀਆਂ ਗੈਸਾਂ ਨਿਕਲ ਜਾਣ (ਇੱਥੇ ਪੰਪ ਦਾ ਵਿਵਰਨ ਦਿਓ)। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator)	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਸੁਰੰਗਾਂ, ਖੱਡੇ ਅਤੇ ਤਲਾਵਾਂ ਦੀ ਇੰਸਪੈਕਸ਼ਨ ਕਰਨੀ	• ਹਵਾਦਾਰੀ ਲਈ ਮਸ਼ੀਨੀ ਸਿਸਟਮ (ਇੱਥੇ ਪੱਖੇ ਅਤੇ ਪਾਈਪਾਂ (Ducts) ਦਾ ਵਿਵਰਨ ਦਿਓ)। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ}	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ। • ਜੇ ਇਹ ਬੰਦ ਜਗ੍ਹਾ ਹਨ ਤਾਂ ਬੰਦ ਜਗ੍ਹਾ ਵਾਲੇ ਪ੍ਰੋਗਰਾਮ ਅਨੁਸਾਰ ਚੱਲੋ।
ਜਰਮ ਰਹਿਤ ਅਤੇ ਕੰਡੀਸ਼ਨਿੰਗ ਕਰਨ ਤੋਂ ਪਹਿਲਾਂ ਫ਼ੇਜ਼ 1 ਵਿਚੋਂ	• ਕੰਪੋਸਟ ਨੂੰ ਢੋਣ ਲਈ ਵਰਤੀ ਮਸ਼ੀਨਰੀ ਤੇ ਬੰਦ ਕੈਬ। ਖਿੜਕੀਆਂ ਜ਼ਰੂਰ ਬੰਦ ਹੋਣੀਆਂ	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ

ਕੰਪੋਸਟ ਹਟਾਉਣੀ	ਚਾਹੀਦੀਆਂ ਹਨ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਜਾਂ ਗੱਡੀ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਜਾਂ ਗੱਡੀ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਕੰਪੋਸਟ ਨੂੰ ਕਮਰੇ ਵਿਚ ਜਾਂ ਬੰਦ ਬਰਤਨ ਜਾਂ ਕੰਟੇਨਰ ਵਿਚ ਜਰਮ ਰਹਿਤ ਕਰਨਾ (ਭਾਫ਼ ਜਾਂ ਅਮੋਨੀਆ ਦੇ ਤਰੀਕੇ ਵਰਤ ਕੇ)	• ਕਮਰੇ/ਟੈਂਕ/ਬਰਤਨ ਨੂੰ ਹਵਾਦਾਰ ਕਰਨ ਲਈ ਮਸ਼ੀਨੀ ਸਿਸਟਮ (ਇੱਥੇ ਸਿਸਟਮ ਦਾ ਵਿਵਰਨ ਸ਼ਾਮਲ ਕਰੋ)। • ਜੇ ਕੁਦਰਤੀ ਤੌਰ ਤੇ ਹਵਾਦਾਰ ਹੋਣਾ ਹੈ ਤਾਂ ਹਵਾਦਾਰ ਹੋਣ ਦੀ ਸਪੀਡ ਅਤੇ ਅੰਦਰ ਜਾਣ ਤੋਂ ਪਹਿਲਾਂ ਸਮਾਂ ਪਤਾ ਕਰੋ (ਇੱਥੇ ਹਵਾਦਾਰ ਹੋਣ ਲਈ ਸਮਾਂ ਲਿਖੋ)। • ਅੰਦਰ ਜਾਣ ਤੋਂ ਪਹਿਲਾਂ ਕਮਰਾ/ਟੈਂਕ/ਬਰਤਨ ਨੂੰ ਹਵਾਦਾਰ ਬਣਾਓ। • ਕੰਪੋਸਟ ਨੂੰ ਢੋਣ ਲਈ ਵਰਤੀ ਮਸ਼ੀਨਰੀ ਉੱਤੇ ਬੰਦ ਕੈਬ। ਖਿੜਕੀਆਂ ਜ਼ਰੂਰ ਬੰਦ ਹੋਣੀਆਂ ਚਾਹੀਦੀਆਂ ਹਨ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਜਾਂ ਗੱਡੀ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਜਾਂ ਗੱਡੀ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਚੈੱਕ ਕਰੋ।
ਖੁੰਬਾਂ ਪੈਦਾ ਕਰਨ ਦੀ ਕਾਰਵਾਈ ਵਾਲੀ ਜਗ੍ਹਾ ਤਾਜ਼ਾ ਕੰਪੋਸਟ ਨੂੰ ਉਤਾਰਨਾ/ਅਨ-ਲੋਡ ਕਰਨਾ	• ਕੰਪੋਸਟ ਨੂੰ ਢੋਣ ਲਈ ਵਰਤੀ ਮਸ਼ੀਨਰੀ ਉੱਤੇ ਬੰਦ ਕੈਬ। ਖਿੜਕੀਆਂ ਜ਼ਰੂਰ ਬੰਦ ਹੋਣੀਆਂ ਚਾਹੀਦੀਆਂ ਹਨ। • ਖ਼ਤਰੇ ਦੇ ਨਿਸ਼ਾਨ ਅਤੇ ਰੁਕਾਵਟਾਂ (ਖ਼ਤਰੇ ਵਾਲੀ ਟੇਪ)	• H_2S ਅਤੇ ਅਮੋਨੀਆ ਦੇ ਮੋਨੀਟਰ • H_2S ਅਤੇ ਅਮੋਨੀਆ ਦੇ ਪ੍ਰਦੂਸ਼ਣ ਲਈ P100/ਮਲਟੀਪਰਪਜ਼ ਗੈਸ ਕਾਟਰਿਜ (ਜਿਵੇਂ ਕਿ ਨਾਰਥ ਡਿਫ਼ੈਂਡਰ 75SCP100, 3M Multi-G/V/P100, ਜਾਂ MSA GME P100 ਸੁਪਰ ਕਾਟਰਿਜ) ਦੇ ਸੁਮੇਲ ਵਾਲੇ ਹਾਫ਼ ਫ਼ੇਸ ਰੈਸਪੀਰੇਟਰ (Half-face respirator) • ਦਸਤਾਨੇ {ਨਾਈਟ੍ਰਾਈਲ (nitrile) ਜਾਂ ਉਸ ਵਰਗੇ} • ਐਨਕਾਂ	• ਮੋਨੀਟਰ ਦਾ ਹਾਈ ਅਲਾਰਮ H_2S ਲਈ 10 ppm ਅਤੇ ਅਮੋਨੀਆ ਲਈ 25 ppm ਤੇ ਸੈੱਟ ਕਰੋ। • ਜੇ ਮੋਨੀਟਰ ਦਾ ਅਲਾਰਮ ਬੋਲੇ ਤਾਂ ਉਸ ਜਗ੍ਹਾ ਜਾਂ ਗੱਡੀ ਵਿਚੋਂ ਇੱਕ ਦਮ ਬਾਹਰ ਨਿਕਲ ਜਾਓ। ਉਸ ਜਗ੍ਹਾ ਜਾਂ ਗੱਡੀ ਵਿਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨ ਲਈ ਕਿ ਗੈਸ ਦੀ ਮਾਤਰਾ ਅਲਾਰਮ ਲੈਵਲ ਤੋਂ ਘੱਟ ਗਈ ਹੈ ਮੋਨੀਟਰ ਦਾ ਅਲਾਰਮ ਨੂੰ ਚੈੱਕ ਕਰੋ।

ਰੈਸਪੀਰੇਟਰ (Respirators)

- ਜੇ ਰੈਸਪੀਰੇਟਰ ਚਾਹੀਦੇ ਹਨ ਤਾਂ ਹਰ ਇੱਕ ਕਾਮੇ ਲਈ ਫ਼ਿਟ-ਟੈੱਸਟ ਕੀਤਾ ਜਾਵੇਗਾ।
- ਜੇ ਕਾਮੇ ਨੇ ਐਸਾ ਰੈਸਪੀਰੇਟਰ ਪਹਿਨਣਾ ਹੈ ਜਿਸ ਦੇ ਠੀਕ ਕੰਮ ਕਰਨ ਲਈ ਚਿਹਰੇ ਨੂੰ ਸੀਲ ਬੰਦ ਕਰਨਾ ਪਵੇ ਤਾਂ ਚਿਹਰੇ ਤੇ ਕੋਈ ਵਾਲ ਨਹੀ' ਹੋਣੇ ਚਾਹੀਦੇ (ਦਾੜ੍ਹੀ)।
- ਜੇ ਕਾਮੇ ਨੂੰ ਸਾਹ ਲੈਣ ਵਿਚ ਜ਼ੋਰ ਲੱਗਦਾ ਹੋਵੇ ਜਾਂ ਇੱਕ ਦਮ ਕੋਈ ਬੋ ਆਏ ਤਾਂ ਰੈਸਪੀਰੇਟਰ ਦੇ ਫ਼ਿਲਟਰ ਬਦਲਣੇ ਚਾਹੀਦੇ ਹਨ।
- ਰੈਸਪੀਰੇਟਰ ਦੇ ਪ੍ਰੋਗਰਾਮ ਅਨੁਸਾਰ ਰੈਸਪੀਰੇਟਰਾਂ ਨੂੰ ਵਰਤਿਆ, ਸਾਫ਼ ਕੀਤਾ ਅਤੇ ਸਟੋਰ ਕੀਤਾ ਜਾਏਗਾ।

ਹੋਰ ਨਿੱਜੀ ਸੁਰੱਖਿਆ ਦਾ ਸਾਮਾਨ ਅਤੇ ਸਿਹਤ ਸੁਰੱਖਿਆ (Other PPE and hygiene)

- ਕਾਮੇ ਡਾਂਗਰੀ {ਪੂਰੇ ਸਰੀਰ ਨੂੰ ਕੱਜਣ ਵਾਲਾ ਅਤੇ ਧੋਤਾ ਜਾਣ ਵਾਲਾ ਸੂਤੀ ਕੱਪੜੇ ਦਾ ਬਸਤਰ ਜਾਂ ਇੱਕੋ ਵਾਰ ਪਾਉਣ ਵਾਲਾ ਟਾਈਵੈਕ ਟਾਈਪ (Tyvek-type)} ਪਹਿਨਣਗੇ। ਡਾਂਗਰੀਆਂ ਨੂੰ ਨਿਯਮਤ ਤੌਰ ਤੇ ਧੋਤਾ ਜਾਂ ਬਦਲਿਆ ਜਾਏਗਾ। ਕਾਮੇ ਇਸ ਨੂੰ ਕੰਮ ਕਰਨ ਵਾਲੀ ਜਗ੍ਹਾ ਤੋਂ ਬਾਹਰ ਨਹੀਂ ਪਹਿਨਣਗੇ। ਮਿਸਾਲ ਲਈ ਖਾਣਾ ਖਾਣ ਵਕਤ ਕਾਮੇ ਇਸ ਨੂੰ ਜ਼ਰੂਰ ਉਤਾਰ ਦੇਣ।
- ਜ਼ਰੂਰਤ ਮੁਤਾਬਿਕ ਕਾਮੇ ਹੋਰ ਨਿੱਜੀ ਸੁਰੱਖਿਆ ਦਾ ਸਾਮਾਨ (ਜਿਵੇਂ ਕਿ ਸੁਰੱਖਿਆ ਵਾਲੀਆਂ ਐਨਕਾਂ, ਕੰਨਾਂ ਦੀ ਸੁਰੱਖਿਆ ਲਈ, ਸੁਰੱਖਿਆ ਵਾਲੇ ਬੂਟ, ਸਖ਼ਤ ਹੈਟ ਜਾਂ ਦੂਰੋਂ ਨਜ਼ਰ ਆਉਣ ਵਾਲੀ ਜੈਕਟ) ਵੀ ਪਹਿਨਣਗੇ।
- ਨਿੱਜੀ ਗੈਸ ਮੋਨੀਟਰਾਂ ਦਾ ਵਰਤੋਂ ਤੋਂ ਪਹਿਲਾਂ ਬੰਪ ਟੈੱਸਟ (Bump test) ਹੋਣਾ ਚਾਹੀਦਾ ਹੈ।

ਸੁਰੱਖਿਅਤ ਕੰਮ ਕਰਨ ਦੀ ਵਿਉਂਤਬੰਦੀ (Safe work planning)

- ਇਸ ਐਕਸਪੋਜਰ ਕੰਟਰੋਲ ਪਲੈਨ ਵਿਚ ਦਿੱਤੇ ਕੋਵਾਣਿਤ ਕੰਟਰੋਲ ਤਰੀਕਿਆਂ ਦੇ ਟੇਬਲ ਅਨੁਸਾਰ ਕੰਮ ਕਰੋ।
- ਅਸੁਰੱਖਿਅਤ ਕਾਮਿਆਂ ਨੂੰ ਅੰਦਰ ਆਉਣ ਤੋਂ ਰੋਕਣ ਲਈ ਕੰਮ ਕਰਨ ਵਾਲੀ ਜਗ੍ਹਾ ਦੇ ਦੁਆਲੇ ਰੁਕਾਵਟਾਂ ਖੜੀਆਂ ਕਰੋ (ਜਿਵੇਂ ਕਿ ਚੇਤਾਵਨੀ ਵਾਲੇ ਟੇਪ)
- ਸਾਰੇ ਸਾਮਾਨ ਅਤੇ ਔਜ਼ਾਰਾਂ ਨੂੰ ਚੈੱਕ ਕਰੋ ਕਿ ਉਹ ਸਹੀ ਕੰਮ ਕਰਨ ਯੋਗ ਹਨ।
- ਨਿਰਮਾਤਾ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਸਾਮਾਨ ਅਤੇ ਔਜ਼ਾਰਾਂ ਨੂੰ ਵਰਤੋ ਅਤੇ ਸਾਂਭ ਸੰਭਾਲ ਕਰੋ।
- ਇਹ ਸੁਨਿਸ਼ਚਿਤ ਕਰੋ ਕਿ ਕਾਮੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਰੈਸਪੀਰੇਟਰ ਦੀ ਜਾਂਚ ਕਰਦੇ ਹਨ।
- ਜੇ ਕਿਸੇ ਬੰਦ ਜਗ੍ਹਾ (ਜਿਵੇਂ ਕਿ ਪੰਪ ਘਰ ਜਾਂ ਟੈਂਕ) ਵਿਚ ਕੰਮ ਕਰਨਾ ਹੈ ਤਾਂ ਬੰਦ ਜਗ੍ਹਾ ਵਾਲੇ ਪ੍ਰੋਗਰਾਮ ਅਨੁਸਾਰ ਕੰਮ ਕਰੋ।

ਸਫ਼ਾਈ ਅਤੇ ਦੂਸ਼ਿਤ ਵਾਤਾਵਰਨ ਸਾਫ਼ ਕਰਨਾ (Cleanup and decontamination)

- ਆਪਣੀ ਚਮੜੀ ਦੇ ਦੂਸ਼ਿਤ ਨੰਗੇ ਹਿੱਸੇ (ਜਿਵੇਂ ਕਿ ਮੱਥਾ ਅਤੇ ਗੱਲ੍ਹਾਂ) ਪਾਣੀ ਦੀ ਬਾਲਟੀ ਅਤੇ ਗਿੱਲੇ ਕੱਪੜੇ ਨਾਲ ਸਾਫ਼ ਕਰੋ।
- ਰੈਸਪੀਰੇਟਰ ਉਤਾਰੋ ਅਤੇ ਸਾਫ਼ ਕਰੋ। ਡਕਟ ਟੇਪ ਨਾਲ ਕਾਟਰਿਜ ਦੇ ਅੰਦਰ ਹਵਾ ਜਾਣ ਵਾਲੇ ਛੇਦ ਬੰਦ ਕਰੋ।
- ਆਪਣਾ ਮੂੰਹ ਅਤੇ ਫਿਰ ਹੱਥ ਧੋਵੋ।

ਹਾਈਡਰੋਜਨ ਸਲਫ਼ਾਈਡ, ਅਮੋਨੀਆ ਅਤੇ ਬਾਇਓਐਰੋਸੋਲਜ਼ (bioaerosols) ਦੇ ਪ੍ਰਭਾਵ ਬਾਰੇ ਕਾਮਿਆਂ ਦੀ ਸਿਖਲਾਈ

- ਮਾਲਕ ਜਾਂ ਮਾਲਕ ਦੇ ਪ੍ਰਤੀਨਿਧ ਵੱਲੋਂ ਸਿਖਲਾਈ ਦਿੱਤੀ ਜਾਏਗੀ।
- ਸਿਖਲਾਈ ਦੀ ਤਾਰੀਖ਼, ਸਿਖਲਾਈ ਦਾ ਸਾਮਾਨ ਅਤੇ ਹਾਜ਼ਰੀ ਦਾ ਰਿਕਾਰਡ ਬਣਾਇਆ ਅਤੇ ਸੰਭਾਲਿਆ ਜਾਏਗਾ।
- ਕਾਮਿਆਂ ਵੱਲੋਂ ਬੇਨਤੀ ਕਰਨ ਤੇ H_2S, ਅਮੋਨੀਆ ਅਤੇ ਬਾਇਓਐਰੋਸੋਲਜ਼ ਦੇ ਪ੍ਰਭਾਵ ਬਾਰੇ ਹੋਰ ਸਿਖਲਾਈ ਜਾਂ ਪੜ੍ਹਨ ਲਈ ਹੋਰ ਮੈਟੀਰੀਅਲ ਉਪਲਬਧ ਕਰਵਾਇਆ ਜਾਏਗਾ।
- ਸਿਖਲਾਈ ਦੇ ਵਿਸ਼ੇ:
    - H_2S, ਅਮੋਨੀਆ ਅਤੇ ਬਾਇਓਐਰੋਸੋਲਜ਼ ਦੇ ਪ੍ਰਭਾਵ ਕਾਰਨ ਸਿਹਤ ਲਈ ਖ਼ਤਰੇ।
    - ਕਿਨ੍ਹਾਂ ਕੰਮਾਂ ਅਤੇ ਪਦਾਰਥਾਂ ਨਾਲ H_2S, ਅਮੋਨੀਆ ਅਤੇ ਬਾਇਓਐਰੋਸੋਲਜ਼ ਪੈਦਾ ਹੋ ਸਕਦੇ ਹਨ।

- ਕਾਮਿਆਂ ਦੀ ਸੁਰੱਖਿਆ ਲਈ ਵਰਤੇ ਜਾਂਦੇ ਐਂਜੀਨੀਅਰਿੰਗ ਕੰਟਰੋਲ ਅਤੇ ਸੁਰੱਖਿਅਤ ਕੰਮ ਦੇ ਤਰੀਕੇ।
- ਸਾਰੇ ਸਾਮਾਨ ਦੇ ਕੰਟਰੋਲ ਅਤੇ ਠੀਕ ਸਾਂਭ ਸੰਭਾਲ ਦੀ ਮਹੱਤਤਾ।
- ਬੰਪ ਟੈੱਸਟਿੰਗ ਸਮੇਤ ਨਿੱਜੀ ਮੋਨੀਟਰਿੰਗ ਸਾਮਾਨ ਦੀ ਯੋਗ ਵਰਤੋਂ।
- ਰੈਸਪੀਰੇਟਰਾਂ ਦੀ ਯੋਗ ਵਰਤੋਂ ਅਤੇ ਰੈਸਪੀਰੇਟਰ ਪ੍ਰੋਗਰਾਮ।
- ਪ੍ਰਭਾਵਾਂ ਨੂੰ ਘੱਟ ਕਰਨ ਲਈ ਨਿੱਜੀ ਸਿਹਤ ਸਫ਼ਾਈ ਦੇ ਤਰੀਕੇ।
- ਐਕਸਪੋਯਰ ਕੰਟਰੋਲ ਪਲੈਨ ਦਾ ਵੇਰਵਾ।
- ਬੰਦ ਜਗ੍ਹਾ ਦੇ ਪ੍ਰੋਗਰਾਮ ਬਾਰੇ ਜਾਣਕਾਰੀ

ਸਿਹਤ ਦੀ ਨਿਗਰਾਨੀ (Health surveillance)

- ਕਾਮੇ ਆਪਣੇ ਫੈਮਲੀ ਡਾਕਟਰ ਕੋਲੋਂ ਨਿਯਮਤ ਡਾਕਟਰੀ ਜਾਂਚ ਕਰਵਾਉਣਗੇ। ਇਸ ਜਾਂਚ ਵਿਚ ਫੇਫੜਿਆਂ ਦੇ ਕੰਮ ਦੀ ਜਾਂਚ ਸ਼ਾਮਲ ਹੋ ਸਕਦੀ ਹੈ।
- ਕਿਸੇ ਵੀ ਪ੍ਰਭਾਵ ਦੇ ਲੱਛਣਾਂ ਦੀ ਰਿਪੋਰਟ ਕਾਮੇ ਮਾਲਕ ਅਤੇ ਵਰਕਸੇਫ ਬੀ.ਸੀ. ਨੂੰ ਕਰਨਗੇ ਤਾਂ ਕਿ ਜਾਂਚ ਪੜਤਾਲ ਕੀਤੀ ਜਾ ਸਕੇ।

ਸਾਲਾਨਾ ਸਮੀਖਿਆ (Annual review)

- ਇਸ ਐਕਸਪੋਯਰ ਪਲੈਨ ਦੀ ਘੱਟੋ ਘੱਟ ਸਾਲਾਨਾ ਸਮੀਖਿਆ ਕੀਤੀ ਜਾਏਗੀ ਅਤੇ ਜ਼ਰੂਰਤ ਅਨੁਸਾਰ ਕੰਮ ਵਾਲੀ ਜਗ੍ਹਾ ਦੀ ਸਾਂਝੀ ਸਿਹਤ ਅਤੇ ਸੁਰੱਖਿਆ ਕਮੇਟੀ ਜਾਂ ਕਾਮਿਆਂ ਦੇ ਸਿਹਤ ਅਤੇ ਸੁਰੱਖਿਆ ਦੇ ਨੁਮਾਇੰਦੇ ਨਾਲ ਸਲਾਹ ਕਰ ਕੇ ਮਾਲਕ ਵੱਲੋਂ ਇਸ ਵਿਚ ਤਬਦੀਲੀਆਂ ਕੀਤੀਆਂ ਜਾਣਗੀਆਂ।